# Patients' Bill of Rights

## ਮਰੀਜ਼ ਦੇ ਹੱਕਾਂ ਬਾਰੇ ਬਿੱਲ

ਨਿਊ ਯਾੱਰਕ ਸਟੇਟ ਵਿਚ ਹਸਪਤਾਲ ਦੇ ਇਕ ਮਰੀਜ਼ ਵਜੋਂ,
ਕਾਨੂੰਨ ਅਨੁਸਾਰ ਤੁਹਾਡੇ ਇਹ ਹੱਕ ਹਨ:

1. ਇਹਨਾਂ ਹੱਕਾਂ ਨੂੰ ਸਮਝੋ ਅਤੇ ਵਰਤੋ। ਜੇ ਕਿਸੇ ਕਾਰਣ, ਤੁਹਾਨੂੰ ਸਮਝ ਨਹੀਂ ਆਉਂਦੀ ਹੈ ਜਾਂ ਮਦਦ ਚਾਹੀਦੀ ਹੈ, ਤਾਂ ਹਸਪਤਾਲ ਨੂੰ ਇੱਕ ਦੁਭਾਸ਼ੀਏ ਸਮੇਤ ਸਹਾਇਤਾ ਜ਼ਰੂਰ ਦੇਣੀ ਚਾਹੀਦੀ ਹੈ।
2. ਨਸਲ, ਰੰਗ, ਧਰਮ, ਲਿੰਗ, ਰਾਸ਼ਟਰੀ ਮੂਲ, ਅਪੰਗਤਾ, ਜਿਣਸੀ ਰੁਝਾਨ ਜਾਂ ਭੁਗਤਾਨ ਦੇ ਸ੍ਰੋਤ ਸਬੰਧੀ ਪੱਖਪਾਤ ਤੋਂ ਬਿਨਾ ਇਲਾਜ ਹਾਸਲ ਕਰਨਾ।
3. ਬੇਲੋੜੀਆਂ ਪਾਬੰਦੀਆਂ ਤੋਂ ਬਿਨਾ, ਇੱਕ ਸਾਫ਼-ਸੁਥਰੇ ਅਤੇ ਸੁਰੱਖਿਅਤ ਮਾਹੌਲ ਵਿਚ ਬੇਲਾਗ ਅਤੇ ਸਤਿਕਾਰ ਨਾਲ ਦੇਖਭਾਲ ਹਾਸਲ ਕਰਨਾ।
4. ਜੇ ਤੁਹਾਨੂੰ ਲੋੜ ਹੈ, ਤਾਂ ਐਮਰਜੈਂਸੀ ਦੇਖਭਾਲ ਹਾਸਲ ਕਰਨਾ।
5. ਉਸ ਡਾੱਕਟਰ ਦੇ ਨਾਂ ਅਤੇ ਅਹੁਦੇ ਬਾਰੇ ਜਾਣਕਾਰੀ ਰੱਖੋ, ਜੋ ਹਸਪਤਾਲ ਵਿਚ ਤੁਹਾਡੀ ਦੇਖਭਾਲ ਲਈ ਜ਼ਿੰਮੇਵਾਰ ਹੋਏਗਾ।
6. ਤੁਹਾਡੀ ਦੇਖਭਾਲ ਵਿਚ ਸ਼ਾਮਿਲ ਹਸਪਤਾਲ ਦੇ ਕਿਸੇ ਸਟਾਫ਼ ਦੇ ਨਾਂ, ਅਹੁਦੇ ਅਤੇ ਕੰਮ-ਕਾਜ ਬਾਰੇ ਜਾਣੋ ਅਤੇ ਉਹਨਾਂ ਦੇ ਇਲਾਜ, ਮੁਆਇਨੇ ਅਤੇ ਨਿਗਰਾਨੀ ਨੂੰ ਮਨ੍ਹਾ ਕਰੋ।
7. ਤਮਾਖੂਨੋਸ਼ੀ ਦੀ ਮਨਾਹੀ ਵਾਲਾ ਕਮਰਾ।
8. ਆਪਣੇ ਰੋਗ-ਨਿਦਾਨ, ਇਲਾਜ ਅਤੇ ਪਹਿਲਾਂ ਦੇ ਲੱਛਣਾਂ ਬਾਰੇ ਮੁਕੰਮਲ ਜਾਣਕਾਰੀ ਹਾਸਲ ਕਰੋ।
9. ਉਹ ਸਾਰੀ ਜਾਣਕਾਰੀ ਹਾਸਲ ਕਰੋ, ਜੋ ਇਲਾਜ ਲਈ ਕਿਸੇ ਤਜਵੀਜ਼ਸ਼ੁਦਾ ਅਮਲ ਲਈ ਸੁਚਿਤ ਸਹਿਮਤੀ ਦੇਣ ਲਈ, ਤੁਹਾਨੂੰ ਲੋੜੀਂਦੀ ਹੈ। ਇਸ ਜਾਣਕਾਰੀ ਵਿਚ, ਅਮਲ ਜਾਂ ਇਲਾਜ ਲਈ ਸੰਭਵ ਖ਼ਤਰੇ ਅਤੇ ਲਾਭ ਸ਼ਾਮਿਲ ਹੋਣਗੇ।
10. ਉਹ ਸਾਰੀ ਜਾਣਕਾਰੀ ਹਾਸਲ ਕਰੋ, ਜੋ ਨਾ ਨਵਿਆਉਣ ਦੇ ਇੱਕ ਆਦੇਸ਼ ਲਈ ਸੁਚਿਤ ਸਹਿਮਤੀ ਦੇਣ ਲਈ ਤੁਹਾਨੂੰ ਲੋੜੀਂਦੀ ਹੈ। ਜੇ ਤੁਸੀਂ ਇੰਜ ਕਰਨ ਲਈ ਬਹੁਤ ਬਿਮਾਰ ਹੋ, ਤਾਂ ਤੁਹਾਨੂੰ ਇੱਕ ਵਿਅਕਤੀ ਨੂੰ ਤੁਹਾਡੇ ਲਈ ਇਹ ਸਹਿਮਤੀ ਦੇਣ ਲਈ ਨਾਮਜ਼ਦ ਕਰਨ ਦਾ ਹੱਕ ਹੈ। ਜੇ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਪੈਂਫਲਿਟ ''ਨਾ ਨਵਿਆਉਣ ਬਾਰੇ ਆਦੇਸ਼'' - ਮਰੀਜ਼ਾਂ ਅਤੇ ਪਰਿਵਾਰਾਂ ਲਈ ਗਾਈਡ'' ਦੀ ਇੱਕ ਕਾੱਪੀ ਲਈ ਕਹੋ।
11. ਇਲਾਜ ਲਈ ਮਨ੍ਹਾ ਕਰੋ ਅਤੇ ਇਸ ਬਾਰੇ ਜਾਣੋ, ਕਿ ਇਸਦਾ ਤੁਹਾਡੀ ਸਿਹਤ 'ਤੇ ਕੀ ਅਸਰ ਪੈ ਸਕਦਾ ਹੈ।
12. ਖੋਜ ਵਿਚ ਹਿੱਸਾ ਲੈਣ ਤੋਂ ਮਨ੍ਹਾ ਕਰੋ। ਹਿੱਸਾ ਲੈਣ ਜਾਂ ਨਾ ਲੈਣ ਬਾਰੇ ਫ਼ੈਸਲਾ ਕਰਨ ਵਿਚ, ਤੁਹਾਨੂੰ ਇੱਕ ਮੁਕੰਮਲ ਵੇਰਵਾ ਲੈਣ ਦਾ ਹੱਕ ਹੈ।
13. ਹਸਪਤਾਲ ਵਿਚ ਰਹਿੰਦਿਆਂ ਨਿੱਜਤਾ ਅਤੇ ਤੁਹਾਡੀ ਦੇਖਭਾਲ ਸਬੰਧੀ ਸਾਰੀ ਜਾਣਕਾਰੀ ਅਤੇ ਰਿਕਾੱਰਡਾਂ ਦੀ ਰਾਜ਼ਦਾਰੀ।
14. ਹਸਪਤਾਲ ਵਿਚ ਤੁਹਾਡੇ ਇਲਾਜ ਅਤੇ ਛੁੱਟੀ ਮਿਲਣ ਬਾਰੇ ਸਾਰੇ ਫ਼ੈਸਲਿਆਂ ਵਿਚ ਸ਼ਾਮਿਲ ਹੋਣਾ। ਹਸਪਤਾਲ ਨੂੰ, ਤੁਹਾਨੂੰ ਛੁੱਟੀ ਦੇਣ ਬਾਰੇ ਇੱਕ ਲਿਖਤੀ ਖ਼ਾਕਾ ਅਤੇ ਇਸ ਗੱਲ ਦਾ ਲਿਖਤੀ ਵੇਰਵਾ ਦੇਣਾ ਚਾਹੀਦਾ ਹੈ ਕਿ ਤੁਸੀ ਹਸਪਤਾਲ ਤੋਂ ਆਪਣੀ ਛੁੱਟੀ ਲਈ ਕਿਵੇਂ ਅਪੀਲ ਕਰ ਸਕਦੇ ਹੋ।
15. ਬਿਨਾ ਕਿਸੇ ਲਾਗਤ ਦੇ ਤੁਹਾਡੇ ਮੈਡੀਕਲ ਰਿਕਾੱਰਡ ਦਾ ਜਾਇਜ਼ਾ ਲੈਣਾ। ਆਪਣੇ ਮੈਡੀਕਲ ਰਿਕਾੱਰਡ ਦੀ ਇੱਕ ਕਾੱਪੀ ਹਾਸਲ ਕਰਨਾ, ਜਿਸ ਲਈ ਹਸਪਤਾਲ ਢੁਕਵੀਂ ਫ਼ੀਸ ਲੈ ਸਕਦਾ ਹੈ। ਤੁਹਾਨੂੰ ਸਿਰਫ਼ ਇਸ ਕਰਕੇ ਕਾੱਪੀ ਦੇਣ ਤੋਂ ਮਨ੍ਹਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਤੁਸੀਂ ਭੁਗਤਾਨ ਨਹੀਂ ਕਰ ਸਕਦੇ।
16. ਮਦ ਦੇ ਹਿਸਾਬ ਨਾਲ ਬਿੱਲ ਅਤੇ ਸਾਰੀਆਂ ਲਾਗਤਾਂ ਬਾਰੇ ਸਪਸ਼ਟੀਕਰਣ ਹਾਸਲ ਕਰੋ।
17. ਤੁਹਾਨੂੰ ਮਿਲ ਰਹੀ ਦੇਖਭਾਲ ਅਤੇ ਸੇਵਾਵਾਂ ਬਾਰੇ ਚਿੰਤਾ ਕੀਤੇ ਬਿਨਾ ਸ਼ਿਕਾਇਤ ਕਰੋ ਅਤੇ ਹਸਪਤਾਲ ਤੋਂ ਇਸਦਾ ਜੁਆਬ ਲਓ ਅਤੇ ਜੇ ਤੁਸੀਂ ਬੇਨਤੀ ਕਰਦੇ ਹੋ, ਤਾਂ ਇੱਕ ਲਿਖਤੀ ਜੁਆਬ ਲਓ। ਜੇ ਤੁਸੀਂ ਹਸਪਤਾਲ ਦੇ ਜੁਆਬ ਨਾਲ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਨਿਊ ਯਾੱਰਕ ਸਟੇਟ ਸਿਹਤ ਵਿਭਾਗ ਨੂੰ ਸ਼ਿਕਾਇਤ ਕਰ ਸਕਦੇ ਹੋ।
18. ਪਰਿਵਾਰ ਦੇ ਉਹਨਾਂ ਮੈਂਬਰਾਂ ਅਤੇ ਹੋਰਨਾਂ ਬਾਲਗਾਂ ਨੂੰ ਹੱਕ ਦਿਓ, ਜਿਹਨਾਂ ਨੂੰ ਮਿਲਣ ਆਉਣ ਵਾਲਿਆਂ ਨਾਲ ਮਿਲਣ ਦੀ ਤੁਹਾਡੀ ਸਮਰੱਥਾ ਅਨੁਸਾਰ ਮਿਲਣ ਦੀ ਤਰਜੀਹ ਦਿਤੀ ਜਾਏਗੀ।
19. ਸਰੀਰ-ਰਚਨਾ ਸਬੰਧੀ ਤੋਹਫ਼ਿਆਂ ਬਾਰੇ ਆਪਣੀ ਇੱਛਾ ਦੱਸੋ। ਤੁਸੀਂ ਆਪਣੀਆਂ ਇੱਛਾਵਾਂ ਬਾਰੇ ਆਪਣੇ ਸਿਹਤ ਸੰਭਾਲ ਬਦਲ ਜਾਂ ਹਸਪਤਾਲ ਵਿਚ ਉਪਲਬਧ, ਦਾਨ ਕਰਨ ਵਾਲੇ ਇੱਕ ਡੋਨਰ ਕਾਰਡ 'ਤੇ ਲਿਖ ਸਕਦੇ ਹੋ।